# ਫਾਂਸੀ ਤੋਂ ਮੁਕਤੀ


ਇਹ ਘਟਨਾ ਪਾਕਿਸਤਾਨ-ਹਿੰਦੁਸਤਾਨ ਦੀ ਵੰਡ ਵੇਲੇ ਦੀ ਹੈ। ਉਸ ਸਮੇਂ ਲਾਹੌਰ ਦੀ ਕੈਦ ਵਿੱਚ ਇੱਕ ਕੈਦੀ ਕਿਸੇ ਝੂਠੇ ਕੇਸ ਵਿੱਚ ਬੰਦ ਹੈ, ਜਿਸਦਾ ਨਾਮ ਸੰਤ ਇੰਦਰ ਸਿੰਘ ਹੈ। ਉਸਨੂੰ ਫਾਂਸੀ ਦੀ ਸਜਾ ਮਿਲ ਚੁੱਕੀ ਹੈ ਤੇ ਜੇਲ੍ਹ ਵਿੱਚ ਲੋਹੇ ਦੀਆਂ ਸਲਾਖਾਂ ਦੇ ਪਿੱਛੇ ਬੈਠਾ ਉਹ ਆਪਨੀ ਮੌਤ ਦੀਆਂ ਆਖਰੀ ਘੜੀਆਂ ਗਿਣ ਰਿਹਾ ਹੈ।
ਸੰਤ ਇੰਦਰ ਸਿੰਘ ਨੂੰ ਆਪਨੇ ਬੱਚੇ ਯਾਦ ਆ ਰਹੇ ਹਨ ਤੇ ਉਹ ਦੁੱਖ ਵਿੱਚ ਬੈਠਾ ਰੋ ਰਿਹਾ ਸੀ।
ਸੰਤ ਇੰਦਰ ਸਿੰਘ ਦੀਆਂ ਅੱਖਾਂ ਸਾਹਮਣੇ ਆਪਣੀ ਪਤਨੀ ਅਤੇ ਆਪਣੇ ਬੱਚਿਆਂ ਦੀਆਂ ਤਸਵੀਰਾਂ ਘੁੰਮ ਰਹੀਆਂ ਸਨ। ਉਸ ਤੋਂ ਬਾਅਦ ਉਸਦੀ ਪਤਨੀ ਅਤੇ ਉਸਦੇ ਬੱਚਿਆਂ ਦਾ ਕੀ ਹਾਲ ਹੋਵੇਗਾ ?
ਮੈਂ ਆਪਣੇ ਸਤਿਗੁਰੂ ਜੀ ਨੂੰ ਅਰਦਾਸ ਕਰਦਾ ਹਾਂ ਸ਼ਾਇਦ ਉਹ ਕ੍ਰਿਪਾ ਕਰ ਦੇਵੇ ?
ਸੰਤ ਇੰਦਰ ਸਿੰਘ ਆਪਣੀ ਕਾਲ ਕੋਠਰੀ ਵਿੱਚ ਹੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿੱਚ ਅਰਦਾਸ ਕਰਨ ਲਈ ਖੜ੍ਹਾ ਹੋ ਜਾਂਦਾ ਹੈ।
ਲਾਚਾਰ ਸੰਤ ਇੰਦਰ ਸਿੰਘ ਦੇ ਹੱਥ ਆਕਾਸ਼ ਵੱਲ ਉਠ ਗਏ ਤੇ ਹੰਝੂਆਂ ਦੀ ਧਾਰਾ ਵਹਿ ਤੁਰੀ। ਸ੍ਰੀ ਸਤਿਗੁਰੂ ਜੀ ਮੇਰੇ ਪ੍ਰਾਣਾਂ ਦੀ ਰੱਖਿਆ ਕਰੋ। ਆਪ ਜੀ ਮੇਰੇ 'ਤੇ ਕ੍ਰਿਪਾ ਕਰੋ ਤੇ ਮੈਨੂੰ ਇਸ ਬੰਦੀਖਾਨੇ ਵਿਚੋਂ ਕੱਢ ਕੇ ਮੁਕਤ ਕਰਾਓ ਜੀ, ਤਾਕਿ ਮੈਂ ਆਪਣੀ ਪਤਨੀ ਤੇ ਬੱਚਿਆਂ ਕੋਲ ਜਿੰਦਾ ਪਹੁੰਚ ਸਕਾਂ। ਬੱਸ ਮੈਨੂੰ ਤੇ ਆਪ ਜੀ ਦਾ ਹੀ ਸਹਾਰਾ ਹੈ।

# ਫਾਂਸੀ ਤੋਂ ਮੁਕਤੀ


ਅਰਦਾਸ ਕਰ ਹੀ ਰਿਹਾ ਸੀ ਕਿ ਉਨ੍ਹਾਂ ਪਲਾਂ ਵਿੱਚ ਹੀ ਇੱਕ ਚਮਤਕਾਰ ਹੋਇਆ। ਉਸ ਨੇ ਵੇਖਿਆ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੇਲ੍ਹ ਦਾ ਫਾਟਕ ਪਾਰ ਕਰਕੇ ਉਸਦੀ ਕਾਲ ਕੋਠਰੀ ਵੱਲ ਤੁਰੇ ਆ ਰਹੇ ਹਨ। ਜੇਲ੍ਹ ਦੇ ਸਭ ਪਹਿਰੇਦਾਰ ਸ਼ਾਂਤ ਖੜ੍ਹੇ ਹਨ। ਬਿਲਕੁਲ ਉਸੇ ਤਰ੍ਹਾਂ ਹੀ ਹੋ ਰਿਹਾ ਹੈ ਜਿਵੇਂ ਭਗਵਾਨ ਸ੍ਰੀ ਕ੍ਰਿਸ਼ਨ ਦੇ ਜਨਮ ਸਮੇਂ ਸਾਰੇ ਦੇ ਸਾਰੇ ਪਹਿਰੇਦਾਰ ਸੌਂ ਰਹੇ ਸਨ।


ਸ੍ਰੀ ਸਤਿਗੁਰੂ ਜੀ ਉਹਦੀ ਕੋਠਰੀ ਦੇ ਕੋਲ ਚਲੇ ਆਉਂਦੇ ਹਨ। ਲੋਹੇ ਦੀਆਂ ਸਲਾਖਾਂ ਪਾਰ ਕਰਕੇ ਉਸਦੇ ਕੋਲ ਆ ਗਏ ਸਨ। ਸੰਤ ਇੰਦਰ ਸਿੰਘ ਜੀ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਉਹਨਾਂ ਦੇ ਚਰਨਾਂ ਨਾਲ ਲਿਪਟ ਜਾਂਦੇ ਹਨ।


ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਿੱਚ ਡਿੱਗ ਕੇ ਉਹ ਬੇਬਸ ਰੋਈ ਜਾਂਦਾ ਹੈ। ਸਤਿਗੁਰੂ ਜੀ ਆਪਣਾ ਮਿਹਰ ਭਰਿਆ ਹੱਥ ਉਸਦੇ ਸਿਰ ਤੇ ਰੱਖਦੇ ਹਨ।
ਇੰਦਰ ਸਿੰਘ ਮੇਰੇ ਬੱਚੇ ਤੂੰ ਘਬਰਾ ਨਾ, ਛੇਤੀ ਹੀ ਤੈਨੂੰ ਇੱਥੋਂ ਕੱਢਕੇ ਲੈ ਜਾਵਾਂਗਾ, ਅਸੀਂ ਤੇਰੀ ਫਾਂਸੀ ਦੀ ਸਜਾ ਮੁਆਫ ਕਰਾ ਦਿੱਤੀ ਹੈ। ਤੂੰ ਜਲਦੀ ਹੀ ਆਪਣੇ ਘਰ ਬੱਚਿਆਂ ਕੋਲ ਪਹੁੰਚ ਜਾਏਗਾ।
ਇਥੋਂ ਨਿਕਲ ਕੇ ਰਾਵੀ ਪਾਰ ਕਰਕੇ ਤੁਸੀਂ ਸਿੱਧੇ ਸ੍ਰੀ ਜੀਵਨ ਨਗਰ ਆ ਕੇ ਆਪਣੇ ਬੱਚਿਆਂ ਨੂੰ ਮਿਲਣਾ।


ਇੰਦਰ ਸਿੰਘ ਨੂੰ ਹੌਂਸਲਾ ਦੇ ਕੇ ਫਾਟਕ ਵੱਲ ਜਾਂਦੇ ਹੋਏ ਪਹਿਰੇਦਾਰਾਂ ਨੂੰ ਆਪਣੇ ਕੌਤਕਾਂ ਦੀ ਝਲਕ ਮਤਲਬ ਕਿ ਆਪਣੀ ਪਿੱਠ ਦਿਖਾ ਜਾਂਦੇ ਹਨ।

# ਫਾਂਸੀ ਤੋਂ ਮੁਕਤੀ



ਸ੍ਰੀ ਸਤਿਗੁਰੂ ਜੀ ਜਦੋਂ ਜੇਲ੍ਹ ਦਾ ਫਾਟਕ ਪਾਰ ਕਰ ਰਹੇ ਸਨ ਤਾਂ ਅਚਾਨਕ ਜੇਲ੍ਹ ਦੇ ਪਹਿਰੇਦਾਰ ਦੀ ਨਜ਼ਰ ਉਨ੍ਹਾਂ ਤੇ ਪੈ ਜਾਂਦੀ ਹੈ। ਉਸਨੇ ਕਿਹਾ ਇਹ ਕੌਣ ਦੌੜ ਰਿਹਾ ਹੈ ? ਉਸ ਨੇ ਖਤਰੇ ਦੀ ਘੰਟੀ ਵਜਾ ਦਿੱਤੀ। ਇਧਰ ਉਧਰ ਭੱਜ ਦੌੜ ਮੱਚ ਗਈ।
ਜਲਦੀ ਨਾਲ ਸਾਰੇ ਕੈਦੀਆਂ ਨੂੰ ਇੱਕਠਾ ਕਰ ਲਿਆ ਗਿਆ ਤੇ ਉਨ੍ਹਾਂ ਦੀ ਗਿਣਤੀ ਕਰ ਲਈ ਗਈ। ਪਰ ਕੈਦੀ ਪੂਰੇ ਦੇ ਪੂਰੇ ਸਨ। ਪਹਿਰੇਦਾਰ ਜਿਸ ਨੇ ਅਕਾਲ ਪੁਰਖ ਨੂੰ ਜਾਂਦੇ ਵਕਤ ਵੇਖਿਆ ਸੀ, ਉਹ ਸਭ ਨੂੰ ਯਕੀਨ ਦਿਵਾ ਰਿਹਾ ਸੀ ਕਿ ਉਸ ਨੇ ਆਪਣੀਆਂ ਅੱਖਾਂ ਨਾਲ ਇੱਕ ਕੈਦੀ ਨੂੰ ਬਾਹਰ ਜਾਂਦਿਆਂ ਵੇਖਿਆ ਸੀ।
1
2
3
12
19
ਸ੍ਰੀ ਜੀਵਨ ਨਗਰ ਵਿੱਚ ਬੈਠੇ ਸ੍ਰੀ ਸਤਿਗੁਰੂ ਜੀ ਦਾ ਹਜ਼ੂਰੀ ਸੇਵਕ ਸੰਤ ਵਜੀਰ ਸਿੰਘ ਨਾਲ ਬਚਨ ਬਿਲਾਸ ਕਰਦੇ ਹੋਏ। ਕਿਉਂਕਿ ਸਾਰੇ ਲੋਕਾਂ ਨੂੰ ਪਤਾ ਸੀ ਕਿ ਸੰਤ ਇੰਦਰ ਸਿੰਘ ਨੂੰ ਹੁਣ ਤੱਕ ਫਾਂਸੀ ਲੱਗ ਗਈ ਹੋਵੇਗੀ। ਸਾਧ ਸੰਗਤ ਇੰਤਜਾਰ ਕਰ ਰਹੀ ਸੀ ਕਿ ਸਤਿਗੁਰੂ ਜੀ ਭੋਗ ਦੀ ਤਾਰੀਖ ਕਿਹੜੀ ਦੇਣਗੇ ? ਸ੍ਰੀ ਸਤਿਗੁਰੂ ਜੀ ਤੇ ਜਾਣੀ ਜਾਣ ਸਨ।
ਵਜੀਰ ਸਿੰਘ, ਕੀ ਇੰਦਰ ਸਿੰਘ ਦੀ ਕੋਈ ਖਬਰ ਆਈ ਹੈ ?
ਗਰੀਬ ਨਿਵਾਜ ਜੀਓ, ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਇੰਦਰ ਸਿੰਘ ਦੀ ਫਾਂਸੀ ਮੁਆਫ ਹੋ ਗਈ ਹੈ।
ਸੰਨ 1947 ਵਿੱਚ ਹਿੰਦੁਸਤਾਨ ਪਾਕਿਸਤਾਨ ਦੀ ਵੰਡ ਸਮੇਂ ਡਾਕ ਤਾਰ ਤੇ ਟੈਲੀਫੋਨ ਵਿਵਸਥਾ ਸਭ ਡਗਮਗਾ ਗਈ ਸੀ। ਹਿੰਦੂਭਾਰਤ ਵੱਲ ਭੱਜ ਰਹੇ ਸਾਂ ਤੇ ਮੁਸਲਮ ਪਾਕਿਸਤਾਨ ਵੱਲ ਜਾ ਰਹੇ ਸਨ। ਫਾਂਸੀ ਦੇਣ ਵਾਲਾ ਜੱਲਾਦ ਮੁਲਤਾਨ ਤੋਂ ਆਉਣਾ ਸੀ। ਇਹੋ ਜਿਹੀ ਭੱਜ ਦੌੜ ਦੌਰਾਨ ਉਸ ਨੂੰ ਠੀਕ ਸਮੇਂ ਦੀ ਇਤਲਾ ਨਹੀਂ ਦਿੱਤੀ ਗਈ। ਕੋਈ ਨਾ ਕੋਈ ਕਾਰਨ ਤੇ ਸਤਿਗੁਰੂ ਜੀ ਨੇ ਬਣਾਉਣਾ ਹੀ ਸੀ। ਇਸ ਕਰਕੇ ਜੱਲਾਦ ਫਾਂਸੀ ਦੇ ਵਕਤ ਲਾਹੌਰ ਜੇਲ੍ਹ ਵਿੱਚ ਪਹੁੰਚ ਨਾ ਸਕਿਆ।

# ਫਾਂਸੀ ਤੋਂ ਮੁਕਤੀ


ਜੇਲ੍ਹ ਦੇ ਵੱਡੇ ਅਫਸਰ ਨੇ ਥਾਣੇਦਾਰ ਨੂੰ ਹਦਾਇਤ ਦਿੰਦਿਆਂ ਕਿਹਾ...
ਜੇਲ੍ਹ ਦੇ ਵੱਡੇ ਅਫਸਰ ਨੇ ਥਾਣੇਦਾਰ ਨੂੰ ਹਦਾਇਤ ਦਿੰਦਿਆਂ ਕਿਹਾ ਕਿ ਇਸ ਕੈਦੀ ਨੂੰ ਮੌਤ ਦੀ ਸਜਾ ਤਾਂ ਦੇਣੀ ਹੀ ਹੈ। ਹੁਣ ਜੱਲਾਦ ਨਹੀਂ ਪਹੁੰਚਿਆ ਤੇ ਤੁਸੀਂ ਏਦਾਂ ਕਰੋ ਕਿ ਰਾਤੀਂ ਤੁਸੀਂ ਇਸਨੂੰ ਰਾਵੀ ਦੇ ਕੰਢੇ ਤੇ ਜਾ ਕੇ ਗੋਲੀ ਮਾਰ ਦੇਣਾ।
ਹੇ ਸਤਿਗੁਰੂ ਜੀ ਆਪ ਜੀ ਨੇ ਤਾਂ ਮੈਨੂੰ ਅਭੈਦਾਨ ਦਿੱਤਾ ਸੀ।
ਲੇਕਿਨ ਜੇਲ੍ਹ ਦਾ ਅਫਸਰ ਤਾਂ ਮੈਨੂੰ ਗੋਲੀ ਮਾਰਨ ਦਾ ਹੁਕਮ ਦੇ ਰਿਹਾ ਹੈ।
ਚਲੋ, ਜੋ ਹੁਕਮ ਸਤਿਗੁਰੂ ਜੀ ਦਾ, ਮੈਨੂੰ ਆਖਰੀ ਸਮੇਂ ਦਰਸ਼ਨ ਤਾਂ ਹੋ ਹੀ ਗਏ ਹਨ।


ਹੱਥਕੜੀਆਂ ਨਾਲ ਜਕੜੇ ਹੋਏ ਸੰਤ ਇੰਦਰ ਸਿੰਘ ਨੂੰ ਪੁਲਿਸ ਅਫਸਰ ਨੇ ਪੁਛਿਆ–
ਕੀ ਤੁਸੀਂ ਸ੍ਰੀ ਭੈਣੀ ਸਾਹਿਬ ਵਾਲੇ ਪੀਰ ਦੇ ਚੇਲੇ ਹੋ ?
ਜੀ ਹਾਂ, ਮੈਂ ਉਹਨਾਂ ਦਾ ਸੱਚਾ ਸਿੱਖ ਹਾਂ। ਮੇਰੇ ਰੋਮ ਰੋਮ ਵਿੱਚ ਉਹਨਾਂ ਦਾ ਹੀ ਵਾਸਾ ਹੈ।


ਸੰਤ ਇੰਦਰ ਸਿੰਘ ਨੂੰ ਗੋਲੀ ਮਾਰਨ ਵਾਲੇ ਅਫਸਰ ਨੂੰ ਵੀ ਸ੍ਰੀ ਭੈਣੀ ਸਾਹਿਬ ਤੋਂ ਹੀ ਪ੍ਰੇਰਨਾ ਮਿਲੀ ਸੀ। ਉਸ ਨੇ ਸੰਤ ਇੰਦਰ ਸਿੰਘ ਦੀਆਂ ਹੱਥਕੜੀਆਂ ਖੋਲ੍ਹ ਦਿੱਤੀਆਂ ਤੇ ਕਿਹਾ -
ਇੰਦਰ ਸਿੰਘ ਮੈਂ ਅਤੇ ਤੂੰ ਸਭ ਇਕੋ ਹੀ ਗੁਰੂਦੇ ਚੇਲੇ ਹਾਂ, ਮੈਂ ਤੈਨੂੰ ਸਰਹੱਦ ਉਤੇ ਜਿੰਦਾ ਛੱਡ ਦਿੰਦਾ ਹਾਂ।
ਜਾਓ ਤੁਸੀਂ ਸੀਮਾ ਪਾਰ ਕਰਕੇ ਆਪਣੇ ਘਰ ਚਲੇ ਜਾਓ। ਸਾਡੇ ਵਲੋਂ ਤੁਸੀਂ ਖਤਮ ਹੋ ਗਏ। ਤੁਸੀਂ ਆਪਣੇ ਘਰ ਰਾਜ਼ੀ ਖੁਸ਼ੀ ਪਹੁੰਚ ਜਾਓ।


ਸੰਤ ਇੰਦਰ ਸਿੰਘ ਹੱਥ ਜੋੜਕੇ ਅਫਸਰ ਦਾ ਧੰਨਵਾਦ ਕਰਦਾ ਹੋਇਆ। ਅੱਖਾਂ ਵਿੱਚ ਪ੍ਰੇਮ ਦੇ ਅੱਥਰੂ ਸਨ।
ਆਪਦਾ ਬਹੁਤ ਬਹੁਤ ਧੰਨਵਾਦ।
ਓਹੋ, ਇਹ ਤੇ ਸ੍ਰੀ ਸਤਿਗੁਰੂ ਜੀ ਦਾ ਹੁਕਮ ਹੈ। ਜਾਓ ਉਹਨਾਂ ਦੇ ਚਰਨਾਂ ਵਿੱਚ ਜਾ ਕੇ ਉਹਨਾਂ ਨੂੰ ਪ੍ਰਣਾਮ ਕਰਕੇ ਕੋਟਾਨ ਕੋਟ ਧੰਨਵਾਦ ਕਰੋ।


ਅਫਸਰ ਥੋੜ੍ਹਾ ਰੁੱਕ ਕੇ ਬੋਲਿਆ।
ਲੇਕਿਨ ਹਾਂ, ਮੇਰਾ ਇੱਕ ਕੰਮ ਕਰਨਾ, ਸ੍ਰੀ ਸਤਿਗੁਰੂ ਜੀ ਨੂੰ ਮੇਰਾ ਸਲਾਮ ਕਹਿ ਦੇਣਾ।
ਸੰਤ ਇੰਦਰ ਸਿੰਘ ਅੰਮ੍ਰਿਤਸਰ ਹੁੰਦਿਆਂ ਤਿੰਨ ਚਾਰ ਦਿਨਾਂ ਦਾ ਸਫ਼ਰ ਪੂਰਾ ਕਰਕੇ ਸ੍ਰੀ ਜੀਵਨ ਨਗਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਪਹੁੰਚ ਗਿਆ ਅਤੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਡਿੱਗ ਗਿਆ।
ਇੰਦਰ ਸਿੰਘ ਮੈਂ ਤੇਰਾ ਹੀ ਇੰਤਜਾਰ ਕਰ ਰਿਹਾ ਸੀ। ਮੈਨੂੰ ਬੜੀ ਖੁਸ਼ੀ ਹੋਈ ਕਿ ਤੂੰ ਜਿੰਦਾ ਵਾਪਸ ਆ ਗਿਆ ਹੈ।
ਸ੍ਰੀ ਸਤਿਗੁਰੂ ਜੀ ਨੇ ਸੰਤ ਇੰਦਰ ਸਿੰਘ ਨੂੰ ਆਪਣੇ ਸੀਨੇ ਨਾਲ ਲਗਾ ਲਿਆ।
ਜਿੰਦਗੀ ਭਰ ਇਹ ਗੱਲ ਨਹੀਂ ਭੁੱਲਦੀ ਕਿ ਸ੍ਰੀ ਸਤਿਗੁਰੂ ਜੀ ਨੇ ਤੈਨੂੰ ਕਿੱਦਾਂ ਕਾਲ ਕੋਠਰੀ ਵਿਚੋਂ ਜਿੰਦਾ ਕੱਢਿਆ ਹੈ।
ਕੁੱਝ ਹੀ ਦਿਨਾਂ ਬਾਅਦ ਸੰਤ ਇੰਦਰ ਸਿੰਘ ਨੂੰ ਐਵੇਂ ਵਹਿਮ ਜਿਹਾ ਹੋ ਗਿਆ। ਅਕ੍ਰਿਤਘਣ ਸ੍ਰੀ ਸਤਿਗੁਰੂ ਜੀ ਦੀ ਕਰਨੀ ਨੂੰ ਭੁੱਲ ਗਿਆ। ਉਹ ਸੋਚਣ ਲੱਗ ਪਿਆ ਕਿ ਉਸਨੂੰ ਸ੍ਰੀ ਸਤਿਗੁਰੂਜੀ ਨੇ ਥੋੜ੍ਹੇ ਹੀ ਬਚਾਇਆ ਹੈ ਉਤ ਤੇ ਆਪ ਖੁਦ ਜੇਲ੍ਹ ਵਿਚੋਂ ਨਿਕਲਿਆ ਹੈ। ਇਸ ਕਰਕੇ ਉਹ ਸ੍ਰੀ ਸਤਿਗੁਰੂ ਜੀ ਦੀ ਨਿੰਦਿਆ ਕਰਨ ਲੱਗ ਪਿਆ। ਇਸ ਤੋਂ ਅੱਗੇ ਜੋ ਹੋਇਆ ਉਹ ਆਪ ਭਾਗ-2 ਵਿੱਚ ਪੜ੍ਹੋਗੇ ਤੇ ਵੇਖੋਗੇ।